NSW Health

# NSW ਵਿੱਚ ਸਹਾਇਤਾ ਨਾਲ ਸਵੈ-ਇੱਛੁਕ ਮੌਤ

**Voluntary assisted dying in NSW** | **Punjabi**

NSW ਵਿੱਚ ਸਹਾਇਤਾ ਨਾਲ ਸਵੈ-ਇੱਛੁਕ ਮੌਤ ਦੀ ਕਾਰਵਾਈ ਵਿੱਚ **11 ਕਦਮ** ਹਨ। ਤੁਸੀਂ ਕਿਸੇ ਵੀ ਸਮੇਂ ਕਾਰਵਾਈ ਨੂੰ ਰੋਕ ਜਾਂ ਖਤਮ ਕਰ ਸਕਦੇ ਹੋ।

**ਕਦਮ 1** — ਤੁਸੀਂ ਡਾਕਟਰ ਨੂੰ ਸਹਾਇਤਾ ਨਾਲ ਸਵੈ-ਇੱਛੁਕ ਮੌਤ ਵਾਸਤੇ **ਪਹਿਲੀ ਬੇਨਤੀ** ਕਰਦੇ ਹੋ

**ਕਦਮ 2** — ਤਾਲਮੇਲ ਕਰਨ ਵਾਲਾ ਡਾਕਟਰ **ਪਹਿਲਾ ਮੁਲਾਂਕਣ** ਪੂਰਾ ਕਰਦਾ ਹੈ

**ਕਦਮ 3** — ਕੋਈ ਹੋਰ ਡਾਕਟਰ **ਸਲਾਹ-ਮਸ਼ਵਰੇ ਵਾਲਾ ਮੁਲਾਂਕਣ** ਕਰਦਾ ਹੈ

**ਕਦਮ 4** — ਤੁਸੀਂ ਇਕ **ਲਿਖਤੀ ਘੋਸ਼ਣਾ** ਨੂੰ ਪੂਰਾ ਕਰਦੇ ਹੋ

**ਕਦਮ 5** — ਤੁਸੀਂ ਸਹਾਇਤਾ ਨਾਲ ਸਵੈ-ਇੱਛੁਕ ਮੌਤ ਵਾਸਤੇ **ਅੰਤਿਮ ਬੇਨਤੀ** ਕਰਦੇ ਹੋ

**ਕਦਮ 6** — ਤੁਹਾਡਾ ਤਾਲਮੇਲ ਕਰਨ ਵਾਲਾ ਡਾਕਟਰ **ਅੰਤਿਮ ਸਮੀਖਿਆ** ਪੂਰੀ ਕਰਦਾ ਹੈ

**ਕਦਮ 7** — ਤੁਸੀਂ ਆਪਣੇ ਡਾਕਟਰ ਦੀ ਸਹਾਇਤਾ ਨਾਲ ਫ਼ੈਸਲਾ ਕਰਦੇ ਹੋ **ਕਿ ਦਵਾਈ ਕਿਵੇਂ ਲੈਣੀ ਹੈ**

**ਕਦਮ 8** — ਤੁਹਾਡਾ ਡਾਕਟਰ **ਦਵਾਈ ਦੀ ਪ੍ਰਵਾਨਗੀ** ਵਾਸਤੇ ਅਰਜ਼ੀ ਦਿੰਦਾ ਹੈ। ਸਹਾਇਤਾ ਨਾਲ ਸਵੈ-ਇੱਛੁਕ ਮੌਤ ਵਾਲਾ ਬੋਰਡ ਪ੍ਰਵਾਨਗੀ ਦਿੰਦਾ ਹੈ

**ਕਦਮ 9** — ਤੁਹਾਡਾ ਡਾਕਟਰ **ਦਵਾਈ ਤਜਵੀਜ਼ ਕਰਦਾ ਹੈ**

**ਕਦਮ 10** — ਤੁਸੀਂ **ਦਵਾਈ** ਲੈਂਦੇ ਹੋ ਜਾਂ ਤੁਹਾਨੂੰ ਦਿੱਤੀ ਜਾਂਦੀ ਹੈ ਜਦੋਂ ਅਤੇ ਜੇਕਰ ਤੁਸੀਂ ਇਸਦੀ ਚੋਣ ਕਰਦੇ ਹੋ

**ਕਦਮ 11** — **ਮੌਤ ਦਾ ਸਰਟੀਫਿਕੇਟ** ਜਾਰੀ ਕੀਤਾ ਜਾਂਦਾ ਹੈ

## NSW ਵਾਲੰਟੀਅਰੀ ਅਸਿਸਟਡ ਡਾਇੰਗ ਕੇਅਰ ਨੇਵੀਗੇਟਰ ਸਰਵਿਸ

ਸਹਾਇਤਾ ਨਾਲ ਸਵੈ-ਇੱਛੁਕ ਮੌਤ ਬਾਰੇ ਸਵਾਲਾਂ ਦੇ ਜਵਾਬ ਦੇਣ ਲਈ ਇਕ ਫ਼ੋਨ ਲਾਈਨ ਹੈ।

ਇਹ ਸੇਵਾ ਮਰੀਜ਼ਾਂ ਅਤੇ ਪਰਿਵਾਰਾਂ ਸਮੇਤ ਹਰ ਕਿਸੇ ਦੀ ਸਹਾਇਤਾ ਕਰੇਗੀ।

**1300 802 133** 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਤੋਂ ਸ਼ਾਮ 4:30 ਵਜੇ ਤੱਕ ਫ਼ੋਨ ਕਰੋ।

ਇਹ Voluntary Assisted Dying Act 2022 (ਸਹਾਇਤਾ ਨਾਲ ਸਵੈ-ਇੱਛੁਕ ਮੌਤ ਐਕਟ 2022) ਦੇ ਅਧੀਨ ਸਹਾਇਤਾ ਨਾਲ ਸਵੈ-ਇੱਛੁਕ ਮੌਤ ਦੀ ਕਾਰਵਾਈ ਦੇ ਪ੍ਰਮੁੱਖ ਕਦਮਾਂ ਦਾ ਸੰਖੇਪ ਹੈ। ਇਹ ਸੰਖੇਪ ਕੇਵਲ ਸੰਕੇਤਕ ਹੈ ਅਤੇ ਉਹਨਾਂ ਸਾਰੇ ਹਾਲਾਤਾਂ ਨੂੰ ਆਪਣੇ ਥੱਲੇ ਨਹੀਂ ਲਿਆਉਂਦਾ ਹੈ ਜੋ ਕਿਸੇ ਮਰੀਜ਼ ਦੀ ਵਿਅਕਤੀਗਤ ਤੌਰ 'ਤੇ ਸਹਾਇਤਾ ਨਾਲ ਸਵੈ-ਇੱਛੁਕ ਮੌਤ ਦੀ ਕਾਰਵਾਈ ਦੌਰਾਨ ਪੈਦਾ ਹੋ ਸਕਦੇ ਹਨ।